ਤੁਹਾਡੇ ਕੰਮ ਤੇ ਮਿਲੇ
ਹੱਕਾਂ ਬਾਰੇ ਜਾਣਕਾਰੀ

# ਟੈਂਪਰੇਰੀ ਏਜੰਸੀ ਵਰਕਰਜ਼

ਹੋਰ ਵਰਕਰਾਂ ਦੀ ਤਰ੍ਹਾਂ ਏਜੰਸੀ ਦੁਆਰਾ ਕੰਮ ਕਰਦੇ ਵਰਕਰਾਂ ਦੇ ਵੀ ਬਰਾਬਰ ਦੇ ਹੱਕ ਹਨ। ਜੇ ਤੁਹਾਡੇ ਕੋਲ ਇੰਮੀਗਰੇਸ਼ਨ ਦੇ ਪੇਪਰ, ਸੋਸ਼ਲ ਇੰਨਸਿਉਰੈਂਸ ਨੰਬਰ ਜਾਂ ਕੋਈ ਵੈਲਿਡ ਵਰਕ ਪਰਮਿਟ ਨਹੀਂ ਵੀ ਹੈ ਜਾਂ ਤੁਸੀਂ ਕੈਸ਼ ਤੇ ਕੰਮ ਕਰਦੇ ਹੋ ਫਿਰ ਵੀ 'ਬੇਸਿਕ ਇੰਪਲਾਇਮੈਂਟ ਲਾਅ' ਅਧੀਨ ਤੁਹਾਡੇ ਵੀ ਹੱਕ ਬਣਦੇ ਹਨ।

ਏਜੰਸੀ ਵਾਲੇ ਹੀ ਕਾਨੂੰਨੀ ਤੌਰ ਤੇ ਤੁਹਾਡੇ ਬੌਸ ਹੁੰਦੇ ਹਨ। (ਰੁਜ਼ਗਾਰ ਦੇਣ ਵਾਲੇ)

ਜਿਸ ਥਾਂ ਤੇ ਵਰਕਰ ਹਰ ਰੋਜ਼ ਕੰਮ ਕਰਨ ਜਾਂਦੇ ਹਨ ਉਸ ਨੂੰ ਕਲਾਈਂਟ ਕੰਪਨੀ ਦਾ ਨਾਂ ਦਿੱਤਾ ਜਾਂਦਾ ਹੈ। ਤੁਹਾਡੇ ਕੰਮ ਲਈ ਦੋਵਾਂ ਦੀ ਕਾਨੂੰਨੀ ਜ਼ੁਮੇਵਾਰੀ ਬਣ ਜਾਂਦੀ ਹੈ। ਜਦੋਂ ਤੁਸੀਂ ਆਪਣੇ ਹੱਕਾਂ ਲਈ ਲੜਦੇ ਹੋ ਤਾਂ ਇਹ ਸਥਿਤੀ ਤੁਹਾਡੇ ਲਈ ਬੜੀ ਉਲਝਣ ਵਾਲੀ ਹੋ ਸਕਦੀ ਹੈ। ਜੇ ਕਰ ਤੁਹਾਡੇ ਹੱਕਾਂ ਦੀ ਉਲੰਘਣਾਂ ਕੀਤੀ ਜਾਂਦੀ ਹੈ ਤਾਂ ਇਹ ਜ਼ਰੂਰੀ ਬਣ ਜਾਂਦਾ ਹੈ ਕਿ ਤੁਸੀਂ ਵੀ ਕਿਤੋਂ ਮਦਦ ਲੈ ਸਕੋਂ।

ਇਹ ਫੈਕਟਸੀਟ ਤੁਹਾਡੇ ਮੁੱਢਲੇ ਹੱਕਾਂ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ, ਕਿ ਆਪਣੀ ਰੱਖਿਆ ਕਿਵੇਂ ਕਰਨੀ ਹੈ, ਜੇ ਕਰ ਤੁਹਾਨੂੰ ਕੰਮ 'ਤੇ ਕੋਈ ਮੁਸ਼ਕਲ ਆ ਜਾਵੇ ਤਾਂ ਕੀ ਕਰਨਾਂ ਹੈ। ਜੇ ਕਰ ਤੁਸੀਂ ਟੈਂਪਰੇਰੀ ਏਜੰਸੀ ਰਾਹੀਂ ਕੰਮ ਕਰਦੇ ਹੋ ਤੇ ਤੁਹਾਨੂੰ ਕੰਮ 'ਤੇ ਕੋਈ ਮੁਸ਼ਕਲ ਆ ਰਹੀ ਹੈ, ਤਾਂ ਤੁਸੀਂ ਮਦਦ ਲਈ ਸਾਨੂੰ ਫ਼ੋਨ ਕਰ ਸਕਦੇ ਹੋ। ਫ਼ੋਨ ਕਾਲ ਫ੍ਰੀ ਹੈ ਅਤੇ ਗੱਲ-ਬਾਤ ਦੀ ਸਾਰੀ ਜਾਣਕਾਰੀ ਗੁਪਤ ਰੱਖੀ ਜਾਂਦੀ ਹੈ।

## ਏਜੰਸੀ ਦੀ ਜ਼ੁਮੇਵਾਰੀ ਬਣਦੀ ਹੈ ਕਿ ਉਹ ਤੁਹਾਨੂੰ ਸਾਰੀ ਜਾਣਕਾਰੀ ਪ੍ਰਦਾਨ ਕਰੇ

ਏਜੰਸੀ ਦਾ ਫਰਜ਼ ਬਣਦਾ ਹੈ ਕਿ ਉਹ ਏਜੰਸੀ ਦਾ ਨਾਂ ਤੇ ਤਾਲਮੇਲ ਲਈ ਫੋਨ ਨੰਬਰ ਦੀ ਸਾਰੀ ਜਾਣਕਾਰੀ ਲਿਖਤੀ ਤੌਰ ਤੇ ਦੇਵੇ। ਏਜੰਸੀ ਜਦੋਂ ਵੀ ਤੁਹਾਨੂੰ ਕਿਸੇ ਕੰਮ ਦੀ ਅਸਾਂਈਨਮੈਂਟ ਦਿੰਦੀ ਹੈ ਤਾਂ ਉਹ ਤੁਹਾਨੂੰ ਉਸ ਕੰਪਨੀ ਦਾ ਨਾਂ, ਕਿੰਨੀ ਪੇਅ ਮਿਲੇਗੀ, ਕਿੰਨੇ ਘੰਟੇ ਲਾਉਣੇ ਹਨ, ਕੰਮ ਕਿਹੋ ਜਿਹਾ ਹੋਵੇਗਾ, ਕਿੰਨੇ ਸਮੇਂ ਲਈ ਹੋਵੇਗਾ (ਜੇ ਕਰ ਪਤਾ ਹੈ) ਪੇਅ ਕਿੰਨੇ ਸਮੇਂ ਬਾਅਦ ਮਿਲਿਆ ਕਰੇਗੀ ਤੇ ਕਿਹੜੇ ਦਿਨ ਮਿਲੇਗੀ ਦੀ ਪੂਰੀ ਜਾਣਕਾਰੀ ਦੇਵੇਗੀ। ਇਹ ਜਾਣਕਾਰੀ ਜਲਦੀ ਤੋਂ ਜਲਦੀ ਪ੍ਰਦਾਨ ਕੀਤੀ ਜਾਂਣੀ ਚਾਹੀਦੀ ਹੈ। ਏਜੰਸੀ ਤੁਹਾਨੂੰ 'ਮਨਿਸਟਰੀ ਆਫ ਲੇਬਰ' ਵਲੋਂ ਮਿਲੇ ਹੋਏ ਹੱਕਾਂ ਦੀ ਜਾਣਕਾਰੀ ਵੀ ਪ੍ਰਦਾਨ ਕਰੇਗੀ।

## ਏਜੰਸੀ ਤੁਹਾਡੇ ਕੋਲੋਂ ਕੋਈ ਫੀਸ ਚਾਰਜ ਨਹੀਂ ਕਰ ਸਕਦੀ

ਕੋਈ ਵੀ ਟੈਂਪਰੈਰੀ ਏਜੰਸੀ ਤੁਹਾਨੂੰ ਏਜੰਸੀ ਨਾਲ ਸਾਈਨ ਕਰਨ ਤੇ ਤੁਹਾਨੂੰ ਕੰਮ ਦੇਣ ਤੇ ਜਾਂ ਰੈਜ਼ਿਊਮੇ ਐਪਲੀਕੇਸ਼ਨ ਲਿਖਣ ਜਾਂ ਜੌਬ ਇੰਟਰਵਿਊ ਕਰਨ ਲਈ ਤੁਹਾਡੇ ਕੋਲੋਂ ਕੋਈ ਫੀਸ ਨਹੀਂ ਲੈ ਸਕਦੀ। ਅਗਰ ਤੁਹਾਡੇ ਵਲੋਂ 6 ਮਹੀਨੇ ਦੀ ਅਸਾਂਈਨਮੈਂਟ ਤੇ ਕੰਮ ਕਰਨ ਤੋਂ ਬਾਅਦ ਜੇ ਕਰ ਕੋਈ ਕਲਾਂਈਟ ਕੰਪਨੀ ਤਹਾਨੂੰ ਪੱਕੇ ਤੌਰ 'ਤੇ ਹਾਇਰ ਕਰਨਾਂ ਚਾਹੁੰਦੀ ਹੈ ਤਾਂ ਏਜੰਸੀ ਉਸ ਤੋਂ ਕੋਈ ਫੀਸ ਨਹੀਂ ਲਵੇਗੀ ਤੇ ਨਾ ਹੀ ਉਸ ਨੂੰ ਅਜਿਹਾ ਕਰਨ ਤੋਂ ਰੋਕੇਗੀ ਤੇ ਵਰਕਰ ਨੂੰ ਰੈਫਰੈਂਸ ਲੈਟਰ ਵੀ ਦੇਵੇਗੀ।

## ਜੇ ਕਰ ਪੇਅ ਕੈਸ਼ ਰਾਹੀਂ ਮਿਲਦੀ ਹੈ

ਕੈਸ਼ ਪੇਅ ਕਾਨੂੰਨੀ ਤੌਰ ਤੇ ਦਿੱਤੀ ਜਾ ਸਕਦੀ ਹੈ। ਕੈਸ਼ ਦੇਣ ਤੇ ਵੀ ਮਿਨੀਮਮ ਵੇਜ ਮਿਲਣੀ ਜ਼ਰੂਰੀ ਹੈ। ਏਜੰਸੀ ਇਕ "ਪੇਅ ਸਲਿੱਪ" ਵੀ ਜ਼ਰੂਰ ਦੇਵੇਗੀ ਜਦੋਂ ਵੀ ਤਹਾਨੂੰ ਹਰ ਵਾਰ ਪੇਅ ਕਰਦੀ ਹੈ। ਇਸ 'ਤੇ ਲਿਖਿਆ ਹੋਵੇਗਾ ਕਿ ਤੁਸੀਂ ਕਿੰਨੇ ਘੰਟੇ ਕੰਮ ਕੀਤਾ ਹੈ, ਕਿੰਨੀ ਪੇਅ ਮਿਲਦੀ ਹੈ, ਉਵਰਟਾਈਮ, ਪਬਲਿਕ ਛੁੱਟੀਆਂ ਵਾਲੇ ਦਿਨਾਂ ਦੀ ਪੇਅ, ਵੋਕੇਸ਼ਨ ਪੇਅ ਕਿੰਨੀ ਮਿਲੀ ਹੈ ਅਤੇ ਤੁਸੀਂ ਇਮਪਲਾਇਮੈਂਟ ਇਨਸਿਉਰੈਂਸ (E.I) ਟੈਕਸ ਲਈ ਤੇ ਕੈਨੇਡੀਅਨ ਪੈਂਨਸ਼ਨ ਪਲਾਨ (CPP) ਲਈ ਕਿੰਨੇ ਪੈਸੇ ਕਟਵਾਏ ਹਨ।

## ਤੁਹਾਡੇ ਵਲੋਂ ਆਪਣੇ ਹੱਕਾਂ ਬਾਰੇ ਪੁੱਛੇ ਜਾਣ 'ਤੇ ਤੁਹਾਨੂੰ ਕੋਈ ਸਜ਼ਾ ਨਹੀਂ ਦਿੱਤੀ ਜਾ ਸਕਦੀ

ਤੁਹਾਡੇ ਵਲੋਂ ਆਪਣੇ ਹੱਕਾਂ ਬਾਰੇ ਪੁੱਛੇ ਜਾਣ 'ਤੇ ਏਜੰਸੀ ਵਲੋਂ ਤਹਾਨੂੰ ਕਿਸੇ ਕਿਸਮ ਦਾ ਕੋਈ ਜ਼ੁਰਮਾਨਾ ਵਗੈਰਾ ਨਹੀਂ ਕੀਤਾ ਜਾ ਸਕਦਾ। ਜੇ ਕਰ ਤੁਸੀਂ ਆਪਣੇ ਹੱਕਾਂ ਦੀ ਗੱਲ ਕਰਦੇ ਹੋ ਤਾਂ ਕਲਾਂਈਟ ਕੰਪਨੀ ਵੀ ਕਾਨੂੰਨੀ ਤੌਰ ਤੇ ਤਹਾਨੂੰ ਕੋਈ ਜ਼ੁਰਮਾਨਾ ਵਗੈਰਾ ਕਰਨ ਦਾ ਕੋਈ ਅਧਿਕਾਰ ਨਹੀਂ ਰੱਖਦੀ।

## ਇਹ ਤੁਹਾਡਾ ਹੱਕ ਹੈ ਕਿ ਤੁਸੀਂ ਉਹ ਹੀ ਕੰਮ ਕਰੋਂ ਜਿੱਥੇ ਕੋਈ ਖਤਰਾ ਨਹੀਂ ਹੈ

ਜਿਸ ਕੰਮ ਨੂੰ ਕਰਨ ਤੇ ਤਹਾਨੂੰ ਕੋਈ ਖਤਰਾ ਲੱਗ ਰਿਹਾ ਹੈ ਉਸ ਕੰਮ ਨੂੰ ਕਰਨ ਤੋਂ ਤੁਸੀਂ ਨਾਂਹ ਕਰ ਸਕਦੇ ਹੋ।

ਜੇ ਕਰ ਤੁਸੀ ਕਿਸੇ ਕੰਮ ਨੂੰ ਕਰਦਿਆਂ ਬਿਮਾਰ ਹੋ ਜਾਂਦੇ ਹੋ ਜਾਂ ਤੁਹਾਡੇ ਸੱਟ ਲੱਗ ਜਾਂਦੀ ਹੈ ਤਾਂ ਟੈਂਪਰੈਰੀ ਏਜੰਸੀ ਤੇ ਕਲਾਂਈਟ ਕੰਪਨੀ ਦੋਵੇਂ ਹੀ ਜ਼ੁੰਮੇਵਾਰ ਠਹਿਰਾਈਆਂ ਜਾ ਸਕਦੀਆਂ ਹਨ। ਕਾਨੂੰਨੀ ਤੌਰ 'ਤੇ ਜਿੰਨੀ ਜਲਦੀ ਹੋ ਸਕੇ ਤਹਾਨੂੰ ਆਪਣੀ ਬਿਮਾਰੀ ਜਾਂ ਸੱਟ ਲੱਗਣ ਦੀ ਸੂਚਨਾਂ ਦੇ ਦੇਣੀ ਚਾਹੀਦੀ ਹੈ। ਹੈਲਪ ਲੈਣ ਲਈ ਤੁਸੀਂ ਵਰਕਰਜ਼ ਐਕਸ਼ਨ ਸੈਨਟਰ ਨੂੰ ਵੀ ਫ਼ੋਨ ਕਰ ਸਕਦੇ ਹੋ। ਜੇ ਕਰ ਕੋਈ ਗੱਲ ਸੀਰੀਅਸ ਹੈ ਤਾਂ 911 ਨੰਬਰ ਤੇ ਕਾਲ ਕਰੋ। ਜੇ ਕਰ ਤੁਸੀਂ ਬਿਮਾਰ ਹੋਣ ਜਾਂ ਸੱਟ ਲੱਗਣ ਕਾਰਨ ਕੰਮ ਨਹੀਂ ਕਰ ਸਕਦੇ ਤਾਂ ਤੁਸੀਂ 'ਵਰਕਰਜ਼ ਸੇਫਟੀ' ਜਾਂ 'ਵਰਕਪਲੇਸ ਸੇਫਟੀ ਐਂਡ ਇੰਨਸਿਉਰੈਂਸ ਬੋਰਡ' (WSIB) ਤੋਂ ਮੁਆਵਜ਼ਾ ਲੈਣ ਦਾ ਕਾਨੂੰਨੀ ਹੱਕ ਵੀ ਰੱਖਦੇ ਹੋ। ਵਰਕਪਲੇਸ ਸੇਫਟੀ ਬੋਰਡ ਆਮ ਤੌਰ ਤੇ ਤੁਹਾਡੇ ਕੋਲੋਂ ਤੁਹਾਡੇ ਇੰਮੀਗਰੇਸ਼ਨ ਸਟੇਟਸ ਬਾਰੇ ਨਹੀਂ ਪੁੱਛਦਾ ਅਤੇ ਨਾ ਹੀ ਇਹ ਜਾਣਕਾਰੀ ਸਰਕਾਰ ਨੂੰ ਦਿੰਦਾ ਹੈ। ਹੋ ਸਕਦੇ ਤੁਹਾਡਾ ਬੌਸ ਤੁਹਾਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕਰੇ ਕਿ ਤੁਸੀਂ ਇਹ ਜਾਣਕਾਰੀ ਬੋਰਡ ਅੱਗੇ ਸਾਂਝੀ ਨਾ ਕਰੋ। ਜੇ ਇਸ ਤਰ੍ਹਾਂ ਹੁੰਦਾ ਹੈ ਤਾਂ ਤੁਸੀਂ ਇਸ ਸਾਰੀ ਗੱਲ-ਬਾਤ ਨੂੰ ਲਿੱਖਕੇ ਸਾਂਭ ਲਵੋ ਕਿ ਕੀ-ਕੀ ਹੋਇਆ ਤੇ ਫਿਰ ਹੈਲਪ ਲਈ ਸਾਨੂੰ ਫ਼ੋਨ ਕਰ ਦੇਵੋ।

## ਵੋਕੇਸਨ ਪੇਅ ਅਤੇ ਵੋਕੇਸ਼ਨ ਦੀਆਂ ਛੁੱਟੀਆ ਤੁਹਾਡਾ ਹੱਕ ਹੈ

ਕਿਸੇ ਏਜੰਸੀ ਨਾਲ ਇਕ ਸਾਲ ਕੰਮ ਕਰਨ ਤੋਂ ਬਾਅਦ ਦੋ ਹਫਤਿਆਂ ਦੀ ਪੇਡ ਵੋਕੇਸ਼ਨ ਮਿਲਦੀ ਹੈ ਤੇ ਪੰਜ ਸਾਲ ਏਜੰਸੀ ਨਾਲ ਕੰਮ ਤੋਂ ਬਾਅਦ ਤਿੰਨ ਹਫਤਿਆਂ ਦੀ ਵੋਕੇਸ਼ਨ ਮਿਲਦੀ ਹੈ। ਏਜੰਸੀ ਤੁਹਾਨੂੰ ਲਿਖਤੀ ਰੂਪ 'ਚ ਪੁੱਛ ਸਕਦੀ ਹੈ ਹਰ ਇਕ ਚੈੱਕ ਦੇਣ ਸਮੇਂ ਹੀ ਤੁਹਾਨੂੰ ਬਣਦੀ ਵੋਕੇਸ਼ਨ ਪੇਅ ਵੀ ਦੇ ਦੇਵੇ ਵਜਾਏ ਇਸਦੇ ਕਿ ਵੋਕੇਸ਼ਨ ਟਾਈਮ ਦੇਣ ਸਮੇਂ ਹੀ ਇਕੱਠੇ ਪੈਸੇ ਦਿੱਤੇ ਜਾਣ। ਇਸ ਤਰ੍ਹਾਂ ਤਹਾਨੂੰ ਪਹਿਲੇ ਪੰਜ ਸਾਲਾਂ ਤੱਕ ਤੁਹਾਡੀ ਮਿਲਣ ਵਾਲੀ ਪੇਅ ਦਾ 4% ਹਿੱਸਾ ਤਹਾਨੂੰ ਦਿੱਤਾ ਜਾਂਦਾ ਹੈ ਅਤੇ ਪੰਜ ਸਾਲਾਂ ਬਾਅਦ ਇਹ ਮਿਲਣ ਵਾਲੀ ਪੇਅ ਦਾ 6% ਬਣ ਜਾਂਦਾ ਹੈ।

**Workers' Action Centre**
416-531-0778
ਟੋਲ ਫ੍ਰੀ ਨੰਬਰ : 1-855-531-0778
www.workersactioncentre.org



March 2019

# ਟੈਂਪਰੇਰੀ ਏਜੰਸੀ ਵਰਕਰਜ਼

## ਪਬਲਿਕ ਛੁੱਟੀਆਂ ਤੇ ਮਿਲਣ ਵਾਲੀ ਪੇਅ 'ਤੇ ਤੁਹਾਡਾ ਵੀ ਉਨਾਂ ਹੀ ਹੱਕ ਬਣਦਾ ਹੈ

ਜੇ ਕਰ ਤੁਸੀਂ ਅਸਾਂਈਨਮੈਂਟ ਤੇ ਵੀ ਕੰਮ ਕਰਦੇ ਹੋ ਤਦ ਵੀ ਇਹ ਤੁਹਾਡਾ ਹੱਕ ਬਣਦਾ ਹੈ ਕਿ ਤੁਸੀਂ ਪਬਲਿਕ ਹੌਲੀਡੇ ਤੇ ਛੁੱਟੀ ਕਰ ਸਕੋਂ ਤੇ ਤਹਾਨੂੰ ਉਸ ਪਬਲਿਕ ਹੌਲੀਡੇ ਦੀ ਪੇਅ ਵੀ ਮਿਲੇ। ਪਬਲਿਕ ਹੌਲੀਡੇ ਦੀ ਪੇਅ ਦਾ ਤਰੀਕਾ ਇਸ ਤਰ੍ਹਾਂ ਹੈ ਕਿ ਜੋ ਪਿਛਲੇ ਚਾਰ ਹਫਤਿਆਂ ਦੀ ਰੈਗੂਲਰ ਪੇਅ ਤੇ ਉਸ ਦੇ ਨਾਲ ਜੋ ਵੋਕੇਸਨ ਪੇਅ਼ ਤੁਹਾਨੂੰ ਮਿਲੀ ਹੈ ਉਸ ਨੂੰ 20 ਨਾਲ ਡੀਵਾਈਡ ਕਰ ਕੇ  ਛੁੱਟੀ ਦੀ ਪੇਅ ਨਿਰਧਾਰਤ ਕੀਤੀ ਜਾਂਦੀ ਹੈ। ਜੇ ਕਰ ਤੁਸੀਂ ਅਸਾਂਈਨਮੈਂਟ ਤੇ ਨਹੀਂ ਹੋ ਤੇ ਪਬਲਿਕ ਹੌਲੀਡੇ ਹੁੰਦੀ ਹੈ ਤਦ ਵੀ ਤੁਸੀਂ ਪਬਲਿਕ ਹੌਲੀਡੇ ਲੈਣ ਦੇ ਯੋਗ ਹੋ ਸਕਦੇ ਹੋ। ਜੇ ਕਰ ਤੁਹਾਡੇ ਕੰਮ ਦੀ ਅਸਾਂਈਨਮੈਂਟ ਹੁਣੇ ਖਤਮ ਹੋਈ ਹੈ ਪਰ ਤੁਸੀਂ ਪਬਲਿਕ ਹੌਲੀਡੇ ਤੋਂ ਪਹਿਲਾਂ ਪੂਰੇ ਚਾਰ ਹਫਤੇ ਕੰਮ ਕੀਤਾ ਹੈ ਤਾਂ ਵੀ ਤੁਸੀਂ ਪਬਲਿਕ ਹੌਲੀਡੇ ਪੇਅ ਲੈਣ ਦੇ ਯੋਗ ਗਿਣੇ ਜਾ ਸਕਦੇ ਹੋ। ਜੇ ਕਰ ਤੁਸੀਂ ਪਬਲਿਕ ਹੌਲੀਡੇ ਤੇ ਵੀ ਕੰਮ ਕੀਤਾ ਹੈ ਤਾਂ ਤੁਸੀਂ ਇਹਨਾਂ ਗੱਲਾਂ 'ਚੋਂ ਇਕ ਨਾਲ ਲਿਖਤੀ ਰੂਪ 'ਚ ਸਹਿਮਤ ਹੋ ਸਕਦੇ ਹੋ। ਜਾਂ ਤਾਂ ਪਬਲਿਕ ਛੁੱਟੀ ਵਾਲੇ ਦਿਨ ਕੰਮ ਕਰ ਕੇ ਘੰਟੇ ਦੀ ਡੇਢ ਗੁਣਾਂ ਪੇਅ ਦੇ ਹਿਸਾਬ ਨਾਲ ਪੇਅ ਲੈ ਸਕਦੇ ਹੋ ਅਤੇ ਪਬਲਿਕ ਡੇਅ ਦੀ ਛੁੱਟੀ ਦੇ ਵੱਖਰੇ ਪੈਸੇ ਲੈ ਸਕਦੇ ਹੋ। ਜਾਂ ਫਿਰ ਰੈਗੂਲਰ ਪੇਅ 'ਤੇ ਪਬਲਿਕ ਛੁੱਟੀ ਵਾਲੇ ਦਿਨ ਕੰਮ ਕਰੋ ਅਤੇ ਕਿਸੇ ਹੋਰ ਦਿਨ ਪਬਲਿਕ ਹੌਲੀਡੇ ਦੀ ਪੇਅ ਸਮੇਤ ਇਕ ਛੁੱਟੀ ਵੀ ਕਰ ਸਕਦੇ ਹੋ।

## ਵਰਕਰ ਦਾ ਬੌਸ ਵਲੱ ਰਹਿੰਦਾ ਬਕਾਇਆ

ਜੇ ਕਰ ਏਜੰਸੀ ਤੁਹਾਡੇ ਵਲੋਂ ਕੀਤੇ ਗਏ ਕੰਮ ਦੇ, ਉਵਰਟਾਈਮ ਦੇ ਜਾਂ ਪਬਲਿਕ ਹੌਲੀਡੇ ਦੀ ਪੇਅ ਨਹੀਂ ਦਿੰਦੀ ਤਾਂ ਫਿਰ ਕਲਾਂਈਟ ਕੰਪਨੀ ਵੀ ਉਹ ਬਕਾਇਆ ਦੇਣ ਲਈ ਜੁੰਮੇਵਾਰ ਹੈ। ਇਹੋ ਜਿਹਾ ਬਕਾਇਆ ਉਸ ਏਜੰਸੀ ਕੋਲੋਂ ਲੈਣਾਂ ਕਾਫੀ ਮੁਸ਼ਕਲ ਹੁੰਦਾ ਹੈ ਜੋ ਸਿਰਫ਼ ਫੋਨ ਨੰਬਰ ਜਾਂ ਆਨ-ਲਾਈਨ ਹੀ ਸਰਵਸਿਜ ਮੁਹੱਈਆ ਕਰਦੀ ਹੈ। ਇਸੇ ਕਰ ਕੇ ਤਾਂ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਰਹਿੰਦੀ ਪੇਅ ਦੇਣ ਲਈ ਕਲਾਂਈਟ ਕੰਪਨੀਆਂ ਵੀ ਉਨ੍ਹੀਆਂ ਹੀ ਜ਼ਿਮੇਵਾਰ ਹੋਣ। ਤੁਸੀਂ ਜਿੰਨੀ ਵੀ ਇੰਨਫਰਮੈਸ਼ਨ ਏਜੰਸੀ ਜਾਂ ਕਲਾਂਈਟ ਕੰਪਨੀ ਬਾਰੇ ਇਕੱਠੀ ਕਰ ਸਕਦੇ ਹੋ ਜ਼ਰੂਰ ਕਰੋ, ਜਿਵੇਂ ਨਾਂ, ਟਾਈਟਲ, ਵਰਕ, ਫੋਨ ਨੰਬਰ ਤੇ ਘਰ ਦਾ ਐਡਰੈਸ ਵਗੈਰਾ ਸਭ ਲਿੱਖ ਕੇ ਰੱਖੋ।

## ਵਰਕਰ ਨੂੰ ਕੰਮ ਤੋਂ ਹਟਾਉਣਾਂ

ਜੇ ਕਰ ਏਜੰਸੀ ਤੁਹਾਨੂੰ ਲੇਅ ਆਫ ਕਰ ਦਿੰਦੀ ਹੈ ਜਾਂ ਕੰਮ ਤੋਂ ਹਟਾ (ਟਰਮੀਨੇਟ) ਦਿੰਦੀ ਹੈ, ਫਿਰ ਵੀ ਤੁਸੀਂ ਟਰਮੀਨੇਸ਼ਨ ਪੇਅ ਜਾਂ ਨੋਟਿਸ ਪੇਅ ਲੈਣ ਦੇ ਯੋਗ ਹੋ ਸਕਦੇ ਹੋ। ਜੇ ਕਰ ਤੁਹਾਨੂੰ ਕੰਮ ਕਰਨ ਦੀ ਤਿੰਨ ਮਹੀਨੇ ਜਾਂ ਇਸ ਤੋਂ ਵੱਧ ਦੀ ਅਸਾਂਈਨਮੈਂਟ ਮਿਲੀ ਹੈ ਪਰ ਤੁਹਾਨੂੰ ਇਸ ਸਮੇਂ ਤੋਂ ਪਹਿਲਾਂ ਹੀ ਕੰਮ ਤੋਂ ਹਟਾ ਦਿੱਤਾ ਗਿਆ ਹੋਵੇ ਤਾਂ ਤੁਸੀਂ ਇਕ ਹਫਤੇ ਦੀ ਜਾਂ ਨੋਟਿਸ ਪੇਅ ਲੈਣ ਦਾ ਹੱਕ ਰੱਖਦੇ ਹੋ। ਜੇ ਕਰ ਤੁਸੀਂ ਏਜੰਸੀ ਦੇ ਕੰਮ ਲਈ ਹਮੇਸ਼ਾਂ ਲਈ ਤਿਆਰ ਹੋਵੋਂ ਪਰ ਤਹਾਨੂੰ ਪਿਛਲੇ 13 ਹਫਤਿਆਂ ਜਾਂ ਇਸ ਤੋਂ ਵੱਧ ਸਮੇਂ ਤੋਂ ਕੋਈ ਅਸਾਂਈਨਮੈਂਟ ਨਾਂ ਮਿਲੀ ਹੋਵੇ ਤੁਸੀਂ ਫਿਰ ਵੀ ਟਰਮੀਨੇਸ਼ਨ ਪੇਅ ਜਾਂ ਨੋਟਿਸ ਪੇਅ ਲੈਣ ਦੇ ਯੋਗ ਮੰਨੇ ਜਾ ਸਕਦੇ ਹੋ। ਜਿੰਨਾਂ ਲੰਮਾਂ ਸਮਾਂ ਤੁਸੀਂ ਕੰਮ ਕੀਤਾ ਹੈ ਉਸਦੇ ਹਿਸਾਬ ਨਾਲ ਹੀ ਤੁਹਾਨੂੰ ਨੋਟਿਸ ਤੇ ਟਰਮੀਨੇਸ਼ਨ ਪੇਅ ਮਿਲ ਸਕਦੀ ਹੈ। ਟੈਂਪਰੇਰੀ ਏਜੰਸੀ ਨੂੰ ਰਿਕਾਰਡ ਆਫ ਇੰਮਪਲਾਇਮੈਂਟ (ROE) ਦੇਣਾਂ ਪਵੇਗਾ ਜਿਸ 'ਚ ਤੁਹਾਡੀਆ ਸਾਰੀਆਂ ਹੀ ਅਸਾਂਈਨਮੈਂਟਾਂ ਦਾ ਹਿਸਾਬ ਲਿਖਿਆ ਹੋਵੇਗਾ। ਜੇ ਕਰ ਤੁਸੀਂ ਸੱਤ ਦਿਨਾਂ ਤੋਂ ਕੰਮ 'ਤੇ ਨਹੀਂ ਗਏ ਤੇ ਨਾ ਹੀ ਪੇਅ ਮਿਲੀ ਹੈ ਤਾ ਤੁਹਾਨੂੰ ਲੇਅ ਆਫ ਤੇ ਮੰਨਿਆ ਜਾਵੇਗਾ ਤੇ ਤੁਸੀਂ ਇੰਮਪਲਾਇਮੈਂਟ ਇੰਨਸਿਉਰੈਂਸ (E.I) ਲੈਣ ਦੇ ਹੱਕਦਾਰ ਹੋ ਸਕਦੇ ਹੋ। ਤੁਸੀਂ ਏਜੰਸੀ ਨੂੰ ਦੱਸੋ ਕਿ ਇਸ ਦਾ ਇਹ ਮਤਲਬ ਨਹੀਂ ਕਿ ਅਸੀਂ ਕੰਮ ਛੱਡ ਰਹੇ ਹਾਂ।

## ਆਪਣਾ ਬਚਾਅ ਰੱਖਣ ਲਈ

- ਆਪਣੇ ਕਰੇ ਹੋਏ ਕੰਮ ਦੇ ਘੰਟਿਆਂ ਦਾ, ਜਿਸ ਥਾਂ ਤੇ ਕੰਮ ਕੀਤਾ ਹੈ ਅਤੇ ਕੰਮ ਤੇ ਜੇ ਕੋਈ ਮੁਸ਼ਕਲ ਆਈ ਹੋਵੇ ਉਸਦਾ ਪੂਰਾ ਰਿਕਾਰਡ ਸਾਂਭ ਕੇ ਰੱਖੋ। ਇਸ ਰਿਕਾਰਡ ਨੂੰ ਆਪਣੇ ਫ਼ੋਨ 'ਚ ਜਾਂ ਆਪਣੇ ਘਰੇ ਸਾਂਭ ਕੇ ਰੱਖੋ।
- ਟੀ4 ਤੇ ਪੇਅ ਸਟੱਬ ਦੀਆਂ ਕਾਪੀਆਂ ਸਾਂਭ ਕੇ ਰੱਖੋ। ਜਦੋਂ ਤੁਸੀਂ ਏਜੰਸੀ ਤੋਂ ਕੰਮ ਛੱਡਿਆ ਤਾਂ ਰਿਕਾਰਡ ਆਫ਼ ਇੰਮਪਲਾਇਮੈਂਟ ਦੀ ਕਾਪੀ ਜ਼ਰੂਰ ਲਵੋ।
- ਜੇ ਤੁਸੀਂ ਕੈਸ਼ ਤੇ ਕੰਮ ਕਰਦੇ ਹੋ ਤਾਂ ਕੰਮ ਦੇ ਦਿਨਾਂ ਦੀਆਂ ਤਰੀਕਾਂ, ਕੰਮ ਦੇ ਘੰਟੇ ਅਤੇ ਜਿੰਨੀ ਪੇਅ ਤਹਾਨੂੰ ਦਿੱਤੀ ਗਈ ਹੈ ਉਸਦਾ ਪੂਰਾ ਰਿਕਾਰਡ ਲਿੱਖ ਕੇ ਰੱਖੋ। ਜੇ ਕਰ ਤੁਸੀਂ ਤੁਸੀਂ ਕੋਈ ਈ-ਮੇਲ ਭੇਜੀ ਹੈ ਜਾਂ ਆਈ ਹੈ, ਜਾਂ ਪੇਅ ਲੋਨ, ਕੈਸ਼ ਸਟੋਰ ਤੋਂ ਕੋਈ ਰਸੀਦ ਮਿਲੀ ਹੈ ਜਾਂ ਕੋਈ ਹੋਰ ਪਰੂਫ ਜਿਸ ਤੋਂ ਪਤਾ ਲੱਗਦਾ ਹੋਵੇ ਕਿ ਤੁਹਾਨੂੰ ਤੁਹਾਡੇ ਬੌਸ ਤੋਂ ਪੇਅ ਮਿਲੀ ਹੈ ਉਸ ਦੀ ਕਾਪੀ ਸਾਂਭ ਕੇ ਰੱਖੋ। ਹੋ ਸਕਦਾ ਤੁਸੀਂ ਇਹਨਾਂ ਸਬੂਤਾਂ ਦੇ ਅਧਾਰ 'ਤੇ ਇੰਮਪਲਾਇਮੈਂਟ ਇੰਨਸਿਉਰੈਂਸ ਲੈਣ ਦੇ ਯੋਗ ਹੋਵੋਂ। ਤੁਹਾਨੂੰ ਚਾਹੀਦਾ ਕਿ ਕੰਮ ਤੋਂ ਹਟਣ ਤੋਂ ਬਾਅਦ ਜਿੰਨੀ ਜਲਦੀ ਹੋ ਸਕੇ ਇਸ ਲਈ ਅਪਲਾਈ ਕਰ ਦੇਣਾ ਚਾਹੀਦਾ ਹੈ।
- ਜੇ ਕਰ ਤੁਸੀਂ ਕੰਮ 'ਤੇ ਬਿਮਾਰ ਹੋ ਗਏ ਹੋ ਜਾਂ ਸੱਟ ਲੱਗ ਗਈ ਹੈ ਤਾਂ ਜਿੰਨੀ ਜਲਦੀ ਹੋ ਸਕੇ ਇਸਦੀ ਰਿਪੋਰਟ ਕਰ ਦੇਵੋ, ਹੋ ਸਕਦਾ ਹੈ ਕਿ ਤੁਹਾਡਾ ਬੌਸ ਤੁਹਾਨੂੰ ਇਸ ਗੱਲ ਲਈ ਮਨਾਉਂਣ ਦੀ ਕੋਸ਼ਿਸ਼ ਕਰੇ ਕਿ ਤੁਸੀਂ ਇਸ ਦੀ ਰਿਪੋਰਟ ਨਾ ਕਰੋ। ਜੇ ਇਸ ਤਰ੍ਹਾਂ ਹੁੰਦਾਂ ਹੈ ਤਾਂ ਸਾਰੀ ਗੱਲ-ਬਾਤ ਦੀ ਰਿਪੋਰਟ ਲਿੱਖ ਲਵੋ ਕਿ ਕਿਹੜੀ ਕਿਹੜੀ ਗੱਲ ਹੋਈ ਹੈ ਤੇ ਮਦਤ ਲੈਣ ਲਈ ਤੁਸੀਂ ਸਾਨੂੰ ਫ਼ੋਨ ਕਰ ਸਕਦੇ ਹੋ।
- ਜੇ ਕਰ ਤੁਹਾਨੂੰ ਆਪਣੇ ਹੱਕਾਂ ਦੀ ਗੱਲ ਪੁੱਛਣ ਤੇ ਧਮਕਾਇਆ ਜਾਂਦਾ ਹੈ ਜਾਂ ਕੋਈ ਹੋਰ ਸਜਾ ਦਿੱਤੀ ਜਾਦੀ ਹੈ ਤਾਂ ਇਸ ਪੂਰੀ ਗੱਲ-ਬਾਤ ਨੂੰ ਲਿੱਖ ਲਵੋ ਤੇ ਮਦਦ
- ਲੈਣ ਲਈ ਸਾਨੂੰ ਫ਼ੋਨ ਕਰ ਸਕਦੇ ਹੋ।
- ਜੇ ਕਰ ਤੁਹਾਡੇ ਕੋਲ ਕੋਈ ਸਵਾਲ ਹੈ ਕਿ ਤੁਹਾਡੀ ਟੈਂਪਰੇਰੀ ਏਜੰਸੀ ਤੇ ਕਲਾਂਈਟ ਕੰਪਨੀ ਤੁਹਾਡੇ ਨਾਲ ਕਿਸ ਤਰ੍ਹਾਂ ਦਾ ਵਿਵਹਾਰ ਕਰਦੀ ਹੈ ਤਾਂ ਤੁਸੀਂ 'ਵਰਕਰਜ਼ ਐਕਸ਼ਨ ਸੈਂਟਰ' ਨੂੰ ਫ਼ੋਨ ਕਰ ਸਕਦੇ ਹੋ। ਜੇ ਕਰ ਤੁਹਾਡੇ ਹੱਕਾਂ ਦੀ ਉਲੰਘਣਾਂ ਹੋ ਰਹੀ ਹੈ ਤਾਂ ਤੁਸੀਂ ਮਨਿਸਟਰੀ ਆਫ਼ ਲੇਬਰ 'ਚ ਆਪਣੀ ਸ਼ਕਾਇਤ ਵੀ ਲਿਖਵਾ ਸਕਦੇ ਹੋ।

## ਮਦਤ ਕਿੱਥੋਂ ਮਿਲ ਸਕਦੀ ਹੈ

Workers' Action Centre:
416-531-0778 | ਟੌਲ ਫ੍ਰੀ ਨੰਬਰ: 1-866-531-0778
www.workersactioncentre.org

Migrant Workers Alliance for Change:
1-855-567-4722
www.migrantworkersalliance.org



Workers' Action Centre
416-531-0778
ਟੋਲ ਫ੍ਰੀ ਨੰਬਰ : 1-855-531-0778
www.workersactioncentre.org